## ਟੈਡਰ ਦੀਆਂ ਸ਼ਰਤਾਂ

ਭਾਰਤੀ ਰੈਡ ਕਰਾਸ ਸੁਸਾਇਟੀ, ਜਿਲ੍ਹਾ ਸਾਖਾ, ਬਠਿੰਡਾ ਅਤੇ ਇਸ ਦੀਆਂ ਸਹਿਯੋਗੀ ਸੰਸਥਾਵਾਂ ਵਿਖੇ ਆਊਟ ਸੋਰਸ ਏਜੰਸੀ ਰਾਹੀ ਵੱਖ ਵੱਖ ਦਰਜਾ ਦੇ ਸਟਾਫ( Peon, night staff duty, accountant, computer operator etc.) ਦੀ ਭਰਤੀ ਸੰਬੰਧੀ ਸ਼ਰਤਾਂ:-

1) ਟੈਡਰ ਡਾਕੂਮੈਂਟ ਬਠਿੰਡਾ ਜਿਲ੍ਹੇ ਦੀ ਵੈਬਸਾਇਟ www.bathinda.nic.in ਤੋ ਡਾਉਨਲੋਡ ਕੀਤਾ ਜਾ ਸਕਦਾ ਹੈ ਜਾ ਕਿਸੇ ਵੀ ਕੰਮ ਵਾਲੇ ਦਿਨ ਦਫਤਰ ਰੈਡੱ ਕਰਾਸ ਸੋਸਾਇਟੀ, ਸਿਵਲ ਸਟੇਸਨ, ਬਠਿੰਡਾ ਵਿਖੇ ਪ੍ਰਾਪਤ ਕੀਤਾ ਜਾ ਸਕਦਾ ਹੈ।

2) ਇਛੁੱਕ ਫਰਮਾ/ਸੰਸਥਾ ਆਪਣਾ ਟੈਡਰ ਮਿਤੀ:23/05/2018 ਨੂੰ ਦੁਪਹਿਰ 02:00 ਵਜੇ ਤੱਕ ਦਸਤੀ/ਰਜਿਸਟਰਡ ਡਾਕ ਰਾਹੀ ਦਫਤਰ ਭਾਰਤੀ ਰੈਡ ਕਰਾਸ ਸੁਸਾਇਟੀ, ਨੇੜੇ ਹੈਡ ਪੋਸਟ ਆਫਿਸ, ਸਿਵਲ ਸਟੇਸ਼ਨ, ਜਿਲ੍ਹਾ ਬਠਿੰਡਾ ਵਿਖੇ ਜਮਾਂ ਕਰਵਾ ਸਕਦੇ ਹਨ।ਦੁਪਹਿਰ 02:00 ਵਜੇ ਤੋ ਬਾਅਦ ਕਿਸੇ ਵੀ ਹਾਲਤ ਵਿਚ ਟੈਡਰ ਫਾਰਮ ਇਸ ਦਫਤਰ ਵੱਲੋ ਪ੍ਰਾਪਤ ਨਹੀ ਕੀਤਾ ਜਾਵੇਗਾ। ਡਾਕ ਰਾਹੀ ਹੋਈ ਦੇਰੀ ਲਈ ਇਹ ਦਫਤਰ ਜੁਮੇਵਾਰ ਨਹੀ ਹੋਵੇਗਾ। ਇਹ ਟੈਡਰ ਮਿਤੀ 23/05/2018 ਨੂੰ ਬਾਅਦ ਦੁਪਹਿਰ 03:00 ਵਜੇ ਭਾਰਤੀ ਰੈਡ ਕਰਾਸ ਸੁਸਾਇਟੀ, ਨੇੜੇ ਹੈਡ ਪੋਸਟ ਆਫਿਸ, ਸਿਵਲ ਸਟੇਸ਼ਨ, ਜਿਲ੍ਹਾ ਬਠਿੰਡਾ ਵਿਖੇ ਖੋਲੇ ਜਾਣਗੇ।

3) ਟੈਡਰ ਦੇ ਤਕਨੀਕੀ ਅਤੇ ਵਿੱਤੀ ਬਿਡ ਦੇ ਅਲੱਗ-2 ਲਿਫਾਫੇ ਤਿਆਰ ਕਰਕੇ ਇੱਕ ਮੋਹਰਬੰਦ ਲਿਫਾਫੇ ਵਿੱਚ ਪਾਇਆ ਜਾਵੇ।ਜਿਸ ਫਰਮ/ਸੰਸਥਾ ਦੀ ਟੈਕਨੀਕਲ ਬਿੱਡ ਭਾਵ ਪੈਨ ਨੰਬਰ, ਜੀ.ਐਸ.ਟੀ. ਨੰਬਰ, ਈ.ਪੀ.ਐਫ ਨੰਬਰ, ਈ.ਐਸ.ਆਈ ਨੰਬਰ ਆਦਿ ਅਤੇ ਡਿਮਾਡ ਡਰਾਫਟ ਨਹੀ ਹੋਵੇਗਾ ਉਸਦਾ ਵਿੱਤੀ ਬਿਡ ਖੋਲਿਆ ਨਹੀ ਜਾਵੇਗਾ।ਅਜਿਹਾ ਟੈਡਰ ਮੁੱਢੋ ਰੱਦ ਸਮਝਿਆ ਜਾਵੇਗਾ।

4) ਫਰਮਾਂ ਵੱਲੋ ਦਿੱਤੇ ਗਏ ਰੇਟ ਸਾਰੀਆਂ ਤਰ੍ਹਾਂ ਦੇ ਕਰ (ਟੈਕਸ ਆਦਿ) ਸਮੇਤ ਰਹੇਗਾ ਅਤੇ ਇਹ ਯਕੀਨੀ ਬਣਾਇਆ ਜਾਵੇ ਕਿ ਰੇਟ ਡੀ.ਸੀ ਰੇਟ ਤੋ ਘੱਟ ਨਾ ਦਿੱਤੇ ਜਾਣ। ਇਹ ਸਟਾਫ ਸੁਸਾਇਟੀ ਦੇ ਰੋਲ ਤੇ ਨਹੀ ਹੋਵੇਗਾ ਸਗੋ ਏਜੰਸੀ ਦਾ ਹੋਵੇਗਾ। ਸਟਾਫ ਦੀਆਂ ਉਜ਼ਰਤਾਂ ਡੀ.ਸੀ.ਰੇਟਸ ਅਨੁਸਾਰ ਹੋਣਗੀਆਂ। ਇਸ ਤੋ ਇਲਾਵਾ ਸੇਵਾ ਮੁਹੱਈਆ ਕਰਵਾਉਣ ਵਾਲੀ ਏਜੰਸੀ ਨੂੰ 10 ਫੀਸਦੀ ਕਮਿਸ਼ਨ (ਜੋ ਕਿ ਵੱਧ ਤੋ ਵੱਧ ਲਿਮਟ ਹੋਵੇਗੀ) ਦਿੱਤਾ ਜਾਵੇਗਾ।

5) ਇਸ ਦਫਤਰ ਕੋਲ ਬਿਨ੍ਹਾਂ ਕਾਰਨ ਦੱਸੇ ਕਿਸੇ ਵੀ ਟੈਡਰ-ਕਰਤਾ ਦਾ ਟੈਡਰ ਸਵੀਕਾਰ ਜਾਂ ਅਸਵੀਕਾਰ ਕਰਨ ਦਾ ਅਧਿਕਾਰ ਹੋਵੇਗਾ।

6) ਟੈਡਰ ਬਿਨਾ ਨੋਟਿਸ ਅਤੇ ਕਾਰਨ ਦਸੇ, ਕਦੋ ਵੀ ਰੱਦ ਕੀਤਾ ਜਾ ਸਕਦਾ ਹੈ।ਇਸ ਲਈ ਕੋਈ ਵੱਖਰਾ ਇਸਤਿਹਾਰ ਨਹੀ ਦਿੱਤਾ ਜਾਵੇਗਾ।

7) ਈ.ਪੀ.ਐਫ., ਸਰਵਿਸ ਟੈਕਸ ਆਦਿ ਕਿਸੇ ਵੀ ਤਰਾ ਦੇ ਟੈਕਸ ਨੂੰ ਜਮਾ ਕਰਵਾਉਣਾ ਟੈਡਰ ਕਰਤਾ ਦੀ ਜਿੰਮੇਵਾਰੀ ਹੋਵੇਗੀ। ਟੈਡਰ ਦੇਣ ਵਾਲੀਆਂ ਫਰਮਾਂ/ਸੰਸਥਾਂ ਵੱਲੋ ਆਪਣੀ ਫਰਮ ਦੇ ਲੈਟਰ ਹੈਡ ਤੇ ਟੈਡਰ ਦੀਆ ਸ਼ਰਤਾ ਨਾਲ ਨੱਥੀ **self declaration** ਦੇਣਾ ਹੋਵੇਗਾ।

8) ਟੈਡਰ ਕਰਤਾ ਵੱਲੋ ਮੁਹਈਆ ਕਰਵਾਏ ਗਏ ਸਟਾਫ ਦਾ ਕੰਮ ਤੱਸਲੀਬੱਖਸ ਨਹੀ ਪਾਇਆ ਜਾਦਾ ਤਾਂ ਦਫਤਰ ਵੱਲੋ ਦਿਤੀ ਗਈ ਰਿਪੋਰਟ ਅਨੁਸਾਰ ਦੋ ਦਿਨਾ ਵਿੱਚ ਸਟਾਫ ਬਦਲਣਾ ਲਾਜਮੀ ਹੋਵੇਗਾ। ਅਜਿਹਾ ਤਿੰਨ ਵਾਰ ਹੋਣ ਤੇ ਇਹ ਸਮਝ ਲਿਆ ਜਾਵੇਗਾ ਕਿ ਟੈਡਰ ਕਰਤਾ ਕੋਲ ਯੋਗ ਸਟਾਫ ਨਹੀ ਹੈ ਅਤੇ ਟੈਡਰ ਕੈਸਲ ਕਰ ਦਿੱਤਾ ਜਾਵੇਗਾ।

9) ਟੈਡਰ ਨਾਲ ਮੁ 10,000/- ਰੁਪਏ ਦੀ Earnest Money ਦਾ ਬੈਕ ਡਰਾਫਟ ਲੱਗਿਆ ਹੋਣਾ ਚਾਹੀਦਾ ਹੈ। ਬੈਕ ਡਰਾਫਟ ਰੈਡੱ ਕਰਾਸ ਸੋਸਾਇਟੀ, ਬਠਿੰਡਾ ਦੇ ਨਾਮ ਤੇ ਬਣਾਇਆ ਹੋਣਾ ਚਾਹੀਦਾ ਹੈ। ਬਿਨਾ Earnest Money ਟੈਡਰ ਫਾਰਮ ਕਿਸੇ ਵੀ ਹਾਲਤ ਵਿਚ ਪ੍ਰਵਾਨ ਨਹੀ ਕੀਤਾ ਜਾਵੇਗਾ। ਜਿਸ ਫਰਮ ਨੂੰ ਸਪਲਾਈ ਆਡਰ ਮਿਲੇਗਾ, ਉਸ ਨੂੰ ਇੱਕ ਸਾਲ ਦੇ ਖਤਮ ਹੋਣ ਤੋ 30 ਦਿਨ ਬਾਅਦ ਇਹ Earnest Money ਵਾਪਸ ਕੀਤੀ ਜਾਵੇਗੀ ਤੇ ਬਾਕੀ ਫਰਮਾਂ ਨੂੰ ਇੱਕ ਹਫਤੇ ਦੇ ਅੰਦਰ-2 ਵਾਪਿਸ ਕਰ ਦਿੱਤੀ ਜਾਵੇਗੀ।

10) ਇਸ ਦਫਤਰ ਲਈ ਰੱਖੇ ਗਏ ਕਰਮਚਾਰੀਆ ਦੀ ਹਰ ਕਿਸਮ ਦੀ ਜਿੰਮੇਵਾਰੀ ਫਰਮ ਦੀ ਹੋਵੇਗੀ। ਇਹਨਾ ਕਰਮਚਾਰੀਆਂ ਦੀ ਕਿਸੇ ਵੀ ਕਿਸਮ ਦੀ ਅਣਗਹਿਲੀ ਜਾਂ ਕੁਤਾਹੀ ਹੋਣ ਕਾਰਣ ਹੋਣ ਵਾਲੇ ਕਿਸੇ ਵੀ ਕਿਸਮ ਦੇ ਨੁਕਸਾਨ ਦੀ ਪੂਰੀ ਭਰਪਾਈ ਸੰਬੰਧਿਤ ਫਰਮ ਬਿਨਾ ਕਿਸੇ ਹੀਲ ਹੁਜਤ ਦੇ ਕਰੇਗੀ।

11) ਉਕਤ ਅਸਾਮੀਆ ਲਈ ਸਰਕਾਰ ਦੀਆ ਹਦਾਇਤਾਂ ਅਨੁਸਾਰ ਯੋਗਤਾਵਾ ਵਾਲੇ ਕਰਮਚਾਰੀ ਹੀ ਇਸ ਦਫਤਰ ਵਿੱਚ ਰੱਖੇ ਜਾਣਗੇ।

12) ਫਰਮ ਨੂੰ ਇਹਨਾਂ ਕਰਮਚਾਰੀਆਂ ਦੀ ਤਨਖਾਹ ਦੀ ਅਦਾਇਗੀ ਮਹੀਨਾਵਾਰ ਕੀਤੀ ਜਾਵੇਗੀ।

13) ਉਹ ਫਰਮ ਲੇਬਰ ਲਾਅਜ਼ ਦੀਆਂ ਸ਼ਰਤਾਂ ਮੰਨਣ ਲਈ ਪਾਬੰਦ ਹੋਵੇਗੀ। ਜੇਕਰ ਭਵਿੱਖ ਵਿੱਚ ਕੋਰਟ/ਟ੍ਰਿਬਿਊਨਲ ਵੱਲੋ ਇਹਨਾਂ ਕਰਮਚਾਰੀਆਂ ਸੰਬੰਧੀ ਕਿਸੇ ਹੁਕਮ ਦਾ ਕੋਈ ਹੁਕਮ ਪਾਸ ਕੀਤਾ ਜਾਂਦਾ ਹੈ ਤਾਂ ਉਸਨੂੰ ਮੰਨਣ ਲਈ ਫਰਮ ਪਾਬੰਧ ਹੋਵੇਗੀ।

14) Statutory obligations like EPF, ESI etc., shall be paid on the productions of actual payment of these obligations by the service provider.

ਡਿਪਟੀ ਕਮਿਸ਼ਨਰ ਅਤੇ ਪ੍ਰਧਾਨ,
ਜ਼ਿਲ੍ਹਾ ਰੈਡ ਕਰਾਸ ਸੁਸਾਇਟੀ, ਬਠਿੰਡਾ।